# ਗੁਰੂ ਨਾਨਕ ਬਾਣੀ ਵਿਚ ਰਾਗ-ਪ੍ਰਬੰਧ

ਡਾ. ਨਿਰਵੈਰ ਸਿੰਘ
ਮੁਖੀ, ਪੰਜਾਬੀ ਵਿਭਾਗ
ਐਸ. ਡੀ. ਕਾਲਜ, ਅੰਬਾਲਾ

ਸਮੂਚੇ ਸੰਸਾਰ ਦਾ ਅਧਿਆਤਮਕ ਅਤੇ ਧਾਰਮਿਕ ਸਾਹਿਤ ਜਾਂ ਤਾਂ ਕਵਿਤਾ ਵਿਚ ਲਿਖਿਆ ਮਿਲਦਾ ਹੈ, ਜਾਂ ਕਵਿਤਾ ਵਰਗੀ ਵਾਰਤਾ ਵਿਚ ਲਿਖਿਆ ਮਿਲਦਾ ਹੈ। ਸ਼੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਗੁਰਬਾਣੀ ਭਾਵ ਲਿਖਤ ਸਰੂਪ ਨੂੰ ਵੇਖਿਏ ਤਾਂ ਇਹ "ਬਾਣੀ" ਰਚਨਾ ਪਾਠ ਵਜੋਂ ਨੇਮਬੱਧ ਰੂਪ ਵਿਚ ਸ਼ਾਮਲ ਹੈ। ਬਾਣੀ ਦੇ ਸੰਕਲਨ ਦਾ ਮੂਲ ਆਧਾਰ ਸੰਗੀਤ ਨੂੰ ਬਣਾਇਆ ਗਿਆ ਹੈ। ਅਤੇ ਸੰਗੀਤ ਦਾ ਮੂਲ ਆਧਾਰ ਰਾਗ ਪ੍ਰਬੰਧ ਗੁਰਬਾਣੀ ਦਾ ਮੂਲ ਆਧਾਰ ਬਣਿਆ ਹੈ। ਬਾਣੀ ਦੇ ਸੰਕਲਪ ਵਿਚ ਰਾਗ ਸਿਰਫ ਦਿਖਾਵੇ ਜਾਂ ਅਨੁਸਰਨ ਦਾ ਧਾਰਨੀ ਨਹੀਂ ਸਗੋਂ ਬਾਣੀ ਦੀ ਪ੍ਰਕਿਰਤੀ ਅਤੇ ਰਾਗ ਦੀ ਪ੍ਰਕਿਰਤੀ ਵਿਚਲੀ ਸਮਭਾਵੀ ਨਿਰੰਤਰ ਸਮਰਸਤਾ ਇਨ੍ਹਾਂ ਵਿਚ ਅਟੁੱਟ ਕੜੀ ਦਾ ਕੰਮ ਕਰਦੀ ਹੈ।

ਰਾਗ ਭਾਰਤੀ ਸੰਗੀਤ ਦਾ ਇਕ ਸੰਜੀਵ ਅਨੌਖਾ ਅਤੇ ਵੱਖਰਾ ਅੰਗ ਹੈ। ਰਾਗ ਦੀ ਰਚਨਾ ਦਾ ਮੂਲ ਆਧਾਰ ਰੰਜਕਤਾ ਵਿਚ ਹੈ। ਰੰਜਕਤਾ ਦਾ ਅਰਥ ਹੈ ਰੰਗ ਦੇਣ ਦੀ ਸ਼ਕਤੀ, ਜਿਸ ਵਿਚ ਆਵਾਜ ਦੀ ਲੋਚਾਤਮਕ ਸ਼ਕਤੀ । ਦੀ ਵਰਤੋਂ ਇਸ ਢੰਗ ਨਾਲ ਕੀਤੀ ਜਾਂਦੀ ਹੈ ਕਿ ਇਕ ਭਾਵ ਪੂਰਨ ਗੀਤ ਨੂੰ ਨਿਸ਼ਚਿਤ ਵੇਗ ਵਿਚ ਰੰਗੀਆਂ ਜਾ ਸਕਦਾ ਹੈ। ਅਤੇ ਰਾਗ ਧੁਨ ਵਿਚ ਰੰਗੀਆਂ ਮਨ ਸੁੱਖ-ਦੁੱਖ, ਆਸ਼ਾ-ਨਿਰਾਸ਼ਾ ਤੋਂ ਮੁਕਤ ਹੋ ਕੇ ਪਰਮ ਆਨੰਦ ਦੀ ਦਸ਼ਾ ਦਾ ਸੁਆਦ ਮਾਨਣ ਦੇ ਸਮਰਥ ਹੋ ਜਾਂਦਾ ਹੈ। ਰਾਗਾਂ ਦੀ ਉਪਜ ਅਤੇ ਵਰਤੋਂ ਮਨੁੱਖੀ ਚੌਗਿਰਦੇ ਉਤੇ ਵੀ ਇਕ ਭਾਵਨਾਤਕ ਜਿੱਤ ਹੈ। ਨਾਲ ਇਹ ਵੀ ਜਿਕਰਯੋਗ ਨੁਕਤਾ ਹੈ ਕਿ ਨਾਦ ਨੂੰ ਸੁਰ ਵਿਚ ਢਾਲਣ ਦਾ ਹੁਨਰ ਮਨੁੱਖ ਦੀ ਸੂਝ ਦੇ ਜਨਮ ਕਾਲ ਤੋਂ ਹੀ ਲਭ ਲਿਆ ਗਿਆ ਸੀ, ਵੈਦਿਕ ਯੁੱਗ ਵਿਚ ਸੁਰ ਦੇ ਤਿੰਨ ਭਾਗ ਉਦਾਤ, ਅਨੁਦਾਤ ਅਤੇ ਸਵਰਿਤ ਤੋਂ

ਆਰੰਭ ਕਰਦੇ ਸੱਤ ਤਰਾਂ ਦੇ ਸੁਰ ਲਭ ਲਏ ਗਏ। ਬਾਹਰਵੀ ਸਦੀ ਦੇ ਕਵੀ ਜੈਦੇਵ ਦੀ ਰਚਨਾ 'ਗੀਤ ਗੋਬਿੰਦ' ਵਿਚ ਰਾਗਾਂ ਦੇ ਨਾਮ ਅਸ਼ਟਪਤੀਆਂ ਦੇ ਸਿਰਲੇਖ ਹੇਠ ਦਰਜ ਕਿਤੇ ਗਏ ਹਨ। ਵਿਚਰਦੇ ਸਮੇਂ ਤਕ ਰਾਗ ਗਿਣਤੀ ਵਿਚ ਘੱਟਦੇ ਵੱਧਦੇ ਰਹੇ ਹਨ।

ਰਾਗ ਕਵਿਤਾ ਦੀ ਆਤਮਾ ਅਤੇ ਸ਼ਕਤੀ ਦੇ ਨਾਲ ਨਾਲ ਉਸ ਵਿਚਲਾ ਕਵੀ ਦਾ ਕਾਵਿ-ਅਨੁਭਵ ਹੁੰਦਾ ਹੈ। ਅਨੁਭਵ ਦੀ ਵਿਸ਼ਾਲਤਾ ਗਹਿਰਾਈ ਅਤੇ ਪਕੜ ਤੋਂ ਬਗੈਰ ਕਵਿਤਾ ਸੱਖਣੀ ਅਤੇ ਰਸਹੀਣ ਹੋ ਜਾਂਦੀ ਹੈ। ਗੁਰਬਾਣੀ ਦੇ ਮੋਢੀ ਗੁਰਨਾਨਕ ਦੇਵ ਜੀ ਬਾਣੀ ਦੀ ਵੀ ਮੁੱਖ ਵਿਸ਼ੇਸ਼ਤਾ ਉਸਦੇ ਵਿਸ਼ੇ ਦੇ ਨਾਲ-ਨਾਲ ਰਾਗਾਂ ਦੀ ਰਵਾਨਗੀ ਵੀ ਹੈ। ਕਿਉਕਿ ਗੁਰੂ ਸਾਹਿਬ ਦਾ ਅਨੁਭਵ ਮੌਲਿਕ ਹੈ, ਗੁਰੂ ਨਾਨਕ ਸਾਹਿਬ ਜੀ ਨੇ ਰੱਹਸ (ਕੁਦਰਤ) ਦੀਆਂ ਗੱਲਾਂ ਕਰਦਿਆਂ ਸਮਾਜਕ ਸੱਮਸਿਆਵਾਂ ਨੂੰ ਵੀ ਬੌਧਿਕ ਅਤੇ ਭਾਵ ਪੱਧਰ ਤੇ ਮਹਿਸੂਸ ਕਰਕੇ ਰਾਗਾਂ ਦੀ ਰਵਾਨਗੀ ਅਤੇ ਸ਼ਕਤੀ ਨਾਲ ਜੌੜ ਕੇ ਵਿਸ਼ਾਲ ਬਣਾਇਆ। ਭਾਵੇਂ ਇਨ੍ਹਾਂ ਰਾਗਾਂ ਦਾ ਆਧਾਰ ਉਸ ਸਮੇਂ ਦੇ ਭਜਨ ਕੀਰਤਨ ਸੂਫੀ ਗਾਇਕ ਪਰੰਪਰਾ, ਤਾਨ ਸੈਨ, ਬੈਜੂ, ਬਖਸ਼ੂ ਆਦਿ ਦੀਆਂ ਕਹਾਣੀਆਂ, ਬਾਰਾਂ ਸਾਲ ਅਕਬਰ ਦਰਬਾਰੀ ਦਾ ਲਾਹੌਰ ਟਿਕਾਣਾ, ਪੰਜਾਬ ਦੇ ਰਬਾਬੀ ਘਰਾਨੇ, ਵਾਰਾ ਅਤੇ ਢਾਡੀ ਪਰੰਪਰਾ ਨਾਲ ਲੋਕ ਜੁੜਾਅ ਬਿਨਾਂ ਸੰਭਵ ਨਹੀ ਹੋ ਸਕਿਆ। ਸਮੂਚੀ ਬਾਣੀ ੩੧ ਰਾਗਾਂ ਵਿਚ ਦਰਜ ਹੈ। ਗੁਰੂ ਨਾਨਕ ਬਾਣੀ ੧੯ ਰਾਗਾਂ ਵਿਚ ਦਰਜ ਹੈ। ਇਹ ਰਾਗ ਸਿਰੀ ਮਾਝ, ਗਾਉੜੀ, ਆਸਾ, ਗੁਜਰੀ, ਵਡਹੰਸ, ਧਨਾਸਰੀ, ਸੋਰਠ, ਤਿਲੰਗ, ਸੂਹੀ, ਬਿਲਾਵਲ, ਰਾਮਕਲੀ, ਮਾਰੂ, ਤੁਖਾਰੀ, ਭੈਰਉ, ਬਸੰਤ, ਮਲਾਰ ਤੇ ਪ੍ਰਭਾਤੀ ਹਨ। ਗੁਰੂ ਨਾਨਕ ਦੇਵ ਜੀ ਨੇ ਸਾਰੀ ਬਾਣੀ ਗਾ ਕੇ ਰਾਗਬੱਧ ਕੀਤੀ, ਬਾਣੀ ਦਾ ਵੀ ਅਸਲੀ ਸਰੂਪ ਰਾਗਬੱਧ ਕੀਰਤਨ ਹੈ। ਕੀਰਤਨ ਲਈ ਰਾਗਾਂ ਦਾ ਗਿਆਨ ਅਤੇ ਗਾਉਣ ਅਭਿਆਸ ਜਰੂਰੀ ਹੈ। ਬਾਣੀ ਦੀ ਸ਼ਬਦਾਵਲੀ ਅਤੇ ਵਹਿਣ ਨੂੰ ਰਾਗਾਂ ਦੀਆਂ ਲੋਕਾ ਅਨੁਸਾਰ ਨਿਵਰਤ ਕੀਤਾ ਹੋਇਆ ਹੈ।

ਰਾਗਾਂ ਦਾ ਸਮੇਂ, ਮੌਸਮ, ਪਹਿਰ, ਦੇਸ਼ ਅਤੇ ਰਸ ਆਦਿ ਨਾਲ ਸੰਬੰਧ ਹੁੰਦਾ ਹੈ। ਅਗੇ ਕਈ ਰਾਗ ਰਾਗਣੀਆਂ ਵਿਚ ਵੰਡੇ ਜਾਂਦੇ ਹਨ। ਰਾਗਾਂ ਦੇ ਮਿਲਾਪ ਤੋਂ ਨਵੇਂ ਰਾਗ ਬਣ ਜਾਂਦੇ ਹਨ। ਗੁਰੂ ਨਾਨਕ ਦੇਵ ਜੀ ਵਲੋਂ ਵਰਤੇ ਸਾਰੇ ਰਾਗਾਂ ਵਿਚ ਇਹ ਗੱਲਾਂ ਢੁਕੱਦੀਆਂ ਹਨ। ਗੁਰੂ ਸਾਹਿਬ ਨੇ ਸਰਦ ਰੁੱਤ ਲਈ ਰਾਗ ਤੁਖਾਹੀ, ਵਡਹੰਸ, ਮਾਰੂ, ਪ੍ਰਭਾਤੀ ਆਦਿ ਵਰਤੇ ਹਨ। ਦੂਜੇ ਪਾਸੇ ਮੀਂਹ ਰੁੱਤ ਦੇ ਰਾਗਾਂ

ਤਿਲੰਗ, ਸਾਰੰਗ ਅਤੇ ਮਲਾਰ ਵਰਤੇ ਹਨ। ਸਮੇਂ ਅਨੁਸਾਰ ਆਸਾ ਅਤੇ ਰਾਮਕਲੀ ਅਮ੍ਰਿਤ ਵੇਲੇ ਲਈ ਰਾਗ ਦੁਪਹਿਰ ਵੇਲੇ, ਲਈ ਸ਼ਾਮ ਵੇਲੇ ਅਤੇ ਲਈ ਅੱਧੀਰਾਤੀ ਗਾਉਣ ਵਾਲੇ ਰਾਗ ਹਨ। ਗੁਰੂ ਸਾਹਿਬ ਵਲੋਂ ਵਰਤੇ ਕਈ ਰਾਗ ਖੇਤਰ ਪ੍ਰਧਾਨ ਹਨ। ਜਿਵੇਂ ਮਾਝਾ ਨਿਰੋਲ ਪੰਜਾਬੀ ਰਾਗ ਹੈ, ਰਾਮਕਲੀ ਰਾਗ ਜੰਗਿਆ ਵਿਚ ਆਸਾ ਰਾਗ ਅਤੇ ਸੂਹੀ ਰਾਗ ਪ੍ਰਸਿਧ ਸੀ, ਮੁਸਲਮਾਨਾਂ ਵਿਚ ਸਿਰੀ, ਗਾਉੜੀ, ਸਾਰੰਗ ਅਤੇ ਮਲਾਰ ਰਾਗ ਹਿੰਦੂ ਧਰਮ ਪਰੰਪਰਾ ਵਿਚ ਪਸੰਦ ਹੈ। ਗੁਜਰੀ ਰਾਗ ਗੁਜੱਰ ਕਬੀਲੇ ਤੋਂ ਆਇਆ ਹੈ।

ਰਾਗਾਂ ਦੀ ਸਮੱਝ ਅਤੇ ਵਰਤੋਂ ਭਾਰਤੀ ਸੰਗੀਤ ਪਰੰਪਰਾ ਵਿਚ ਗੁਰੂ ਸਾਹਿਬ ਦੇ ਵਿਸ਼ਾਲ ਸੰਗੀਤ ਅਧਿਐਣ ਦਾ ਪ੍ਰਤੱਖ ਸਬੂਤ ਹੈ। ਗੁਰੂ ਸਾਹਿਬ ਨੇ ਉਤੱਰ ਭਾਰਤੀ ਸੰਗੀਤ ਪਧਤੀ ਦੇ ਨਾਲ ਨਾਲ ਦੱਖਣੀ ਭਾਰਤੀ ਸੰਗੀਤ ਪਧਤੀ ਨੂੰ ਵੀ ਵਰਤਿਆ। ਦੱਖਣ ਭਾਰਤੀ ਰਾਗ ਗਾਉੜੀ ਦੱਖਣੀ, ਵਡਹੰਸ ਦੱਖਣੀ, ਬਿਲਾਵਲ ਦੱਖਣੀ, ਰਾਮਕਲੀ ਦੱਖਣੀ, ਮਾਰੂ ਦੱਖਣੀ, ਪ੍ਰਭਾਤੀ ਦੱਖਣੀ ਰਾਗ ਬਾਣੀ ਗਾਇਣ ਵਿਚ ਵਰਤੇ।

ਗੁਰੂ ਨਾਨਕ ਸਾਹਿਬ ਜੀ ਦੇ ਰਾਗਾਂ ਦਾ ਪਿਛੋਕੜ ਭਾਵੇਂ ਭਾਰਤੀ ਸੰਗੀਤ ਸ਼ਾਸਤਰ ਨਾਲ ਜੁੜਦਾ ਹੈ। ਪਰ ਇਨ੍ਹਾਂ ਰਾਗਾਂ ਦਾ ਸਰੂਪ ਕਿਹੜੀ ਪਰੰਪਰਾ ਨਾਲ ਜੁੜੇ ਇਸਦਾ ਨਿਤਾਰਾ ਕਰਨਾ ਮੁਸ਼ਕਿਲ ਹੈ। ਕਲਾ ਦੇ ਵਿਕਾਸ ਵਿਚ ਸ਼ਾਸਤਰ ਦੀ ਲੋੜ ਦੌਂ ਵਾਰ ਪੈਂਦੀ ਹੈ, ਪਹਿਲੀ ਵਾਰ ਜਦੋ ਕਲਾ ਵਿਕਾਸ ਦਾ ਆਰੰਭਕ ਕਾਲ ਹੁੰਦਾ ਹੈ। ਦੂਜੀ ਵਾਰ ਕਲਾ ਦੇ ਢੱਲਦੇ ਸਮੇਂ ਉਸਦੀ ਖਤਮ ਹੁੰਦੀ ਸ਼ਕਤੀ ਨੂੰ ਠਲ ਪਾਉਣ ਲਈ ਵਰਤੀ ਜਾਂਦੀ ਹੈ, ਪੰਜਾਬ ਦੇ ਚਿੰਤਨਸ਼ੀਲ ਕਲਾਮਈ ਜੀਵਨ ਵਿਚ ਦੌਵੇਂ ਦੌਰ ਭਰਪੂਰੀ ਵਿਚ ਗੁਜਰੇ, ਗੁਰੂ ਸਾਹਿਬ ਨੇ ਵੀ ਵੱਖ-ਵੱਖ ਥਾਈਂ ਕਲਾਸਕੀ ਪੁਰਾਤਨ ਬੰਧਨਾਂ ਤੋਂ ਆਪਣੇ ਰਾਗਾਂ ਨੂੰ ਮੁਕਤ ਕਰਕੇ ਕਈਂ ਥਾਈਂ ਲੋਕ ਵਾਰਾਂ ਦੀ ਧੁਨ ਤੇ ਗਾਉਣ ਦਾ ਸੰਦੇਸ਼ ਵੀ ਦਿੱਤਾ।

ਗੁਰੂ ਨਾਨਕ ਬਾਣੀ ਦੀ ਰਾਗਮਾਲਾ ਵਿਚ ਵਿਭਿੰਨ ਮੱਤਾਂ- ਮਤਾਂਦਰਾਂ ਦੇ ਰਾਗਭੇਦ ਨੂੰ ਵਿਚਾਰਦਿਆਂ ਅਨੇਕਾਂ ਗੁੰਝਲਾਂ ਤੋਂ ਉਪਜਦੇ ਵਿਰੋਪਾਭਾਸ਼ਾ ਤੋਂ ਪਾਰ ਝਾਕਣ ਦੀ ਸ਼ਕਤੀ, ਸਮੇਂ ਅਤੇ ਸੰਸਕਾਰਾਂ ਦੇ ਸਾਂਝੇ ਉਜਾਲੇ ਰਾਹੀ ਹੱਥ ਆ ਸਕਦੀ ਹੈ। ਡੂੰਘੀ ਖੋਜ ਦੇ ਖੋਜੀਆਂ ਨੇ ਨਾਨਕ ਬਾਣੀ ਦੀ ਰਾਗਮਾਲਾ ਨੂੰ ਸਭ ਤੋਂ ਪੁਰਾਨੀ ਰਾਗਮਾਲਾ ਦੱਸਿਆ ਹੈ।

ਹਵਾਲੇ ਅਤੇ ਫੁੱਟ ਨੋਟ

੧. ਡਾ. ਅਮ੍ਰਿਤਪਾਲ ਕੌਰ, ਗੁਰਮਤਿ ਕਾਵਿ, ਪੰਨਾ - ੮੧

੨. ਪ੍ਰੋ. : ਰਤਨ ਸਿੰਘ ਜੱਗੀ, ਖੋਜ ਪਤ੍ਰਿਕਾ ( ਅੰਕ - ) ਪੰਨਾ- ੨੨੫

੩. ......... ਉਹੀ........ ਪੰਨਾ ੨੨੭

੪. ......... ਉਹੀ........ ਪੰਨਾ ੨੨੯-੨੩੦